# ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ

(ਅੰਗਰੇਜ਼ੀ ਦਾ ਉਲੱਥਾ)

Policy P.036

ਸਿਰਲੇਖ: **ਘਰ ਲਈ ਸਕੂਲ ਦਾ ਕੰਮ (ਹੋਮ ਵੱਰਕ)**

ਲਾਗੂ ਕੀਤੀ ਗਈ: **2008 ਲਾਗੂ ਹੋਇਆ ਨਵੰਬਰ 24, 1999, ਅਪਰੈਲ 16, 2008**
ਸੋਧੀ ਗਈ:
ਪੁਨਰ ਨਿਰੀਖਣ:

ਸਿਰਲੇਖ: **ਘਰ ਲਈ ਸਕੂਲ ਦਾ ਕੰਮ (ਹੋਮ ਵੱਰਕ)**

## 1.0 ਉਦੇਸ਼

ਇਹ ਪੁਸ਼ਟੀ ਕਰਨ ਲਈ ਕਿ ਬੋਰਡ ਦਾ ਵਿਸ਼ਵਾਸ਼ ਹੈ ਕਿ ਹੋਮ ਵੱਰਕ ਰੁਝੇਵੇਂ ਅਤੇ ਸਿਖਿਆ ਦੀ ਕਿਰਿਆ ਨਾਲ ਸਬੰਧਤ ਹੈ.

ਬੋਰਡ ਦੀ ਜ਼ੁੰਮੇਵਾਰੀ ਦੀ ਪਰੋੜਤਾ ਕਰਨਾ ਹੈ ਉਦੇਸ਼ ਦੀ ਪੂਰਤੀ ਅਤੇ ਵਿਓਂਤ ਅਨੁਸਾਰ ਹੋਮ ਵੱਰਕ ਦੇਨਾ ਜਿਸਦਾ ਸਬੰਧ ਸਿਦਾ ਵਿਦਿਆਰਥੀ ਦੇ ਸਕੂ.ਲ ਦੇ ਪਰੋਗਰਾਮ ਅਤੇ ਓਨਟਾਰੀਓ ਪਾਠਕਰਮ ਅਨੁਸਾਰ ਸਿਖਲਾਈ ਨਾਲ ਹੋਵੇ

## 2.0 ਪਰਿਭਾਸ਼ਾਏਂ

ਹੋਮ ਵੱਰਕ ਕਲਾਸ ਤੋਂ ਬਾਹਰ ਇਕ ਸਿਖਿਆ ਦਾ ਤਜਰਬਾ ਹੈ ਜਿਹੜਾ ਕਿ ਅਧਿਆਪਕ ਵਲੋਂ ਵਿਦਿਆਰਥੀ ਦੀ ਸਿਖਿਆ ਸ਼ਕਤੀ ਨੂੰ ਵਧਾਉਣ ਲਈ ਦਿਤਾ ਜਾਂਦਾ ਹੈ.

ਆਮ ਚਾਰ ਪਰਕਾਰ ਦੇ ਘਰ ਲਈ ਸਕੂਲ ਦੇ ਕੰਮ ਦਿਤੇ ਜਾਂਦੇ ਹਨ ਜਿਨ੍ਹਾਂ ਦੇ ਵਖ ਵਖ ਸਿਟੇ ਹੇਠ ਦਿਤੇ ਹੋਏ ਹਨ

| ਪਰਕਾਰ | ਪਰੀਬਾਸ਼ਾ | ਇਛਾ | ਉਚਤਤਾ |
|---|---|---|---|
| ਪੂਰਤੀ | ਕਿਸੇ ਪਰਕਾਰ ਦਾ ਦਿਤਾ ਕੰਮ ਜਿਹੜਾ ਕਲਾਸ ਵਿਚ ਪੂਰਾ ਨ ਕੀਤਾ ਹੋਵੇ | ਵਿਦਿਆਰਥੀ ਨੂੰ ਕਾਲਸ ਪਰੋਗਰਾਮ ਨਾਲ ਜੋੜਦਾ ਹੈ | ਕਲਾਸਰੂਮ ਦਾ ਤੋਂ ਵਖਰਾ ਹੋਵੇ ਜੇ ਵਿਦਿਅਰਥੀ ਹਰ ਰੋਜ਼ ਪੂਰਾ ਕਰਦਾ ਹੈ. |
| ਅਭਿਆਸ | ਕੋਈ ਵੀ ਪਰੋਗਰਾਮ ਜਿਹੜਾ ਕਲਾਸ ਵਿਚ ਸਿਖਲਾਈਆਂ ਸਧਾਰਨਾਂ ਅਤੇ ਮੁਹਾਰਤਾਂ ਦੀ ਪੁਸ਼ਟੀ ਕਰਦਾ ਹੋਵੇ | ਵਿਦਿਆਰਥੀਆਂ ਨੂੰ ਨਵੀਆਂ ਪਰਾਪਤ ਕੀਤੀਆਂ ਮੁਹਾਰਤਾਂ ਦੇ ਵਿਕਾਸ ਵਿਚ ਸਹਾਇਕ ਹੋਵੇ | ਘਰ ਲਈ ਦਿਤਾ ਕੰਮ<br>ਵਿਦਿਆਰਥੀ ਤੋਂ ਮੰਗ ਕਰਦਾ ਹੈ ਕਿ ਪਹਿਲਾਂ ਪਰਾਪਤ ਕੀਤੀਆਂ ਮੁਹਾਰਤਾਂ ਨਿਜੀ ਤੋਰ ਤੇ ਵਰਤ ਸਕੇ |
| ਤਿਆਰੀ | ਕੋਈ ਵੀ ਕੰਮ ਵਿੱਦਆਰਥੀ ਨੂੰ ਕਲਾਸ ਲਈ ਜਾਂ ਅਗਲੇ | ਵਿਦਿਆਰਥੀਆਂ ਨੂੰ ਉਤਸ਼ਾਹ ਦਿੰਦਾ ਹੈ ਕਿ ਪਹਿਲਾਂ | |

| | | | |
|---|---|---|---|
| | ਪਾਠ ਵਾਸਤੇ ਤਿਆਰ ਕਰੇ | ਪਰਾਪਤ ਕੀਤੀ ਜਾਣਕਾਰੀ, ਗਿਆਨ ਅਤੇ ਤਜਰਬੇ ਨਾਲ ਹੋਰ ਸਿਖਿਆ ਪਰਾਪਤ ਕਰੇ | |
| ਵਿਸਤਾਰ | ਕੋਈ ਵੀ ਕੰਮ ਜਿਹੜਾ ਕਲਾਸ ਰੂਮ ਦੀ ਸਿਖਲਾਈ ਵਿਚ ਨਵੇਂ ਵਿਸ਼ਿਆਂ ਦੇ ਆਧਾਰ ਅਤੇ ਕਲਾਸ ਰੂਮ ਦੀ ਪੜਾਈ ਨੂੰ ਖੋਜ, ਸੋਧ ਅਤੇ ਵਿਸਤਾਰ ਲਿਉਂਦਾ ਹੈ. | ਵਿਦਿਆਰਥੀਆਂ ਨੂੰ ਸਵਾਲ ਹਲ ਕਰਨ, ਉਤਪਾਦਕ ਸੋਚ ਅਤੇ ਆਲੋਚਨਾਤਮਕ ਸੋਚ ਲਈ ਉਤਸ਼ਾਹ ਦਿੰਦਾ ਹੈ. | ਸਾਰਥਕ ਹੋਮ ਵੱਰਕ ਦਾ ਮਤਲਬ ਇਹ ਨਹੀਂ ਕਿ ਵਿਦਿਆਰਥੀ ਸਕੂਲ ਦੇ ਪਾਠਕਰਮ ਆਪਣੇ ਆਪ ਸਿਖਣਾ ਨਹੀਂ ਇਸ ਦੀ ਥਾਂ ਵਿਦਿਆਰਥੀ ਦੀ ਸਮਝ ਡੂੰਗੀ ਕਰਨੀ ਅਤੇ ਅਸਲੀ ਦੁਨੀਆ ਨਾਲ ਸਬੰਧ ਪੈਦਾ ਕਰਨਾ ਹੈ |

## 3.0 ਨੀਤੀ

ਪਰਭਾਵਸ਼ਾਲੀ ਹੋਮ ਵੱਰਕ ਦੀਆਂ ਨਿਸ਼ਚਤ ਕਰਨਾ

3.1. ਹੋਮ ਵੱਰਕ ਸਪਸ਼ਟ ਤੇ ਸੂਝ ਨਾਲ ਉਲੀਕਿਆ ਹੋਵੇ ਅਤੇ ਤਤ, ਘੁਮਾਈ ਅਤੇ ਜੇ ਲੋੜ ਪਵੇ ਤਾਂ ਵਿਸ਼ੇ ਅਧਿਆਪਕ ਨੂੰ ਨਾਲ ਰਲਾਇਆ ਜਾਵੇ. ਜਿਥੇ ਲਾਗੂ ਹੁੰਦਾ ਹੋਵੇ ਤਾਂ ਹੋਮ ਵੱਰਕ ਨਿਸ਼ਚਤ ਕਰਦਿਆ ਬੱਚੇ ਦੀਆਂ ਨਿਜੀ ਲੋੜਾਂ ਦੇ ਵਿਖਰਵਵਾਂ ਦੀ ਝਲਕ ਪਰਗਟ ਹੁੰਦੀ ਹੋਵੇ.

3.2. ਸਾਰੀਆਂ ਪਰਕਾਰਾਂ ਦੇ ਹੋਮ ਵੱਰਕ ਦਾ ਉਦੇਸ਼ ਇਸ ਪਰੋੜਤਾ ਕਰਨਾ ਹੈ ਅਤੇ ਪਰਭਾਵਸ਼ਾਲੀ ਹੋ ਵਿਦਿਆਰਥੀਆਂ ਨੂੰ ਉਨਤੀ ਅਤੇ ਵਧੀਆ ਸਿਖਿਆ ਪਰਾਪਤ ਕਰਨ ਲਈ ਉਤੇਜਤ ਕਰੇ ਅਤੇ ਵਿਦਿਆਰਥੀਆਂ ਵਿਚ ਉਤਸਾਂਹ ਪੈਦਾ ਕਰੇ ਕਿ ਉਹ ਸਿਖਿਆ ਪਰਾਪਤ ਕਰਦੇ ਰਹਿਨ. ਨਿਸ਼ਚਤ ਕੀਤਾ ਹੋਮ ਵੱਰਕ ਪਰਭਾਵਸ਼ਾਲੀ ਹੋਵੇਗਾ ਜੇ ਹੋਮ ਵੱਰਕ:

(a) ਪਾਠਕਰਮ ਤੇ ਆਧਾਰਤ ਹੋਵੇ, ਵਿਦਿਆਰਥੀ ਦੇ ਵਿਕਾਸ ਅਤੇ ਨਿਜੀ ਲੋੜਾਂ ਨੂੰ ਵਖਰੇਵੇਂ ਅਤੇ ਪਰਿਵਰਤਨ ਦੁਆਰਾ ਪੂਰਾ ਕਰਦਾ ਹੋਵੇ.

(b) ਅਗਲੀ ਸਿਖਿਆ ਲਈ ਟਿਪਣੀ ਦੁਆਰਾ ਪੂਰੀ ਸੂਚਣਾ ਪਰਦਾਨ ਕਰੇ.

(c) ਇਸ ਪਰਕਾਰ ਦੀ ਬੰਤਰ ਹੋਵੇ ਕਿ ਕਲਾਸ ਵਿਚ ਦਿਤੀ ਤੋਂ ਵੱਧ ਪੜਾਈ ਦੀ ਲੋੜ ਨਾ ਪਵੇ ਅਤੇ ਵਿਦਿਆਰਥੀ ਦੀ ਪੜਾਈ ਨਾਲ ਮੇਲ ਖਾਵੇ ਅਤੇ ਉਸਦੇ ਮਤਾਬਕ ਹੋਵੇ. ਸਕੂਲ ਤੋਂ ਜਾਨ ਤੋਂ ਪਹਿਲਾਂ ਉਹਨਾਂ ਨੂੰ ਪਤਾ ਹੋਵੇ ਕਿ ਉਹਨਾਂ ਤੋਂ ਕੀ ਮੰਗ ਕੀਤੀ ਜਾ ਰਹੀ ਹੈ.

(d) ਉਹਨਾਂ ਸਰੋਤਾਂ ਅਤੇ ਸ਼ਿਲਪ-ਵਿਗਿਆਨੀ ਦੀ ਲੋੜ ਨਾਂ ਪਵੇ ਜਿਸ ਤਕ ਵਿਦਿਅਰਥੀ ਦੀ ਪਹੁੰਚ ਨਾਂ ਹੋਵੇ

(e) ਬੰਤਰ ਐਸੀ ਹੋਵੇ ਕਿ ਵਿਦਿਆਰਥੀ ਦੇ ਮਾਂ ਬਾਪ ਜਾਂ ਸਰਪਰਸਤ ਭਾਗ ਲੈ ਸਕਨ ਪਰ ਨਵੇਂ ਵਿਚਾਰ ਜਾਂ ਸਿਖਾਈ ਦੀ ਲੋੜ ਨਾਂ ਪਵੇ

ਨਿਯੁਕਤ ਕੀਤਾ ਹੋਮ ਵੱਰਕ ਪੂਰਾ ਨਾ ਕਰਨ ਦੇ ਕੀ ਸਿਟੇ ਹੋ ਸਕਦੇ ਹਨ.

3.3. ਜਿਥੋਂ ਤਕ ਹੋ ਸਕੇ ਹੋਮ ਵੱਰਕ ਪੂਰਾ ਨਾਂ ਕਰਨ ਦੇ ਸਿਟੇ ਅਗਾਂ ਵਧੂ ਹੋਨੇ ਚਾਹੀਦੇ ਹਨ. ਸਜ਼ਾ ਦੇਨ ਦੇ ਨਾਲ ਉਤਸਤਾ ਪੈਦਾ ਨਹੀਂ ਹੋ ਸਕਦੀ

ਹੋਮ ਵੱਰਕ ਦੀ ਰਿਪੋਰਟ ਕਰਨਾ

3.4. ਹੋਮ ਵੱਰਕ ਦੀ ਰਿਪੋਰਟ ਕੇਵਲ ਮੁਢਲੇ ਪਰਾਂਤੀਏ ਰਿਪੋਰਟ ਕਾਰਡ ਦੇ ਲੱਰਨਿੰਗ ਸਕਿਲਜ਼ ਵਾਲੇ ਭਾਗ ਵਿਚ ਸਵੈਦੀਨ ਕੰਮ ਅਤੇ ਹੋਮ ਵੱਰਕ ਦੀ ਪੂਰਤੀ ਹੇਠ ਹੋ ਸਕਦੀ ਹੈ ਅਤੇ ਸੈਕੰਡਰੀ ਰਿਪੋਰਟ ਕਾਰਡ ਵਿਚ ਸਵੈਤੰਤਰ ਕੰਮ ਅਤੇ ਕੰਮ ਕਰਨ ਦੀ ਆਦਤ/ਹੋਮ ਵੱਰਕ ਖਾਨੇ ਵਿਚ ਹੋ ਸਕਦੀ ਹੈ.

ਸਮਾਂ, ਕਾਰਜਕ੍ਰਮ ਅਤੇ ਹੋਮ ਵੱਰਕ ਦੀ ਮਾਤਰਾ

ਵਿਦਿਆਰਥੀਆਂ ਲਈ ਹੋਮ ਵੱਰਕ ਦੀ ਮਾਤਰਾ ਮੁਢਲੇ ਸਕੂਲ ਵਿਚ ਮਿਡਲ ਸਕੂਲ ਨਾਲੋਂ ਘਟ ਅਤੇ ਮਿਡਲ ਸਕੂਲ ਵਿਚ ਹਾਈ ਸਕੂਲ ਨਾਲੋਂ ਘਟ ਹੋਨੀ ਚਾਹੀਦੀ ਹੈ. ਹੋਮ ਵੱਰਕ ਦੀ ਮਾਤਰਾ ਇਨ੍ਹਾਂ ਸਾਧਨਾਂ ਤੇ ਆਦਾਰਤ ਹੋਨੀ ਚਾਹੀਦੀ ਹੈ, ਵਿਦਿਆਰਥੀ ਦੀਆਂ ਲੋੜਾਂ, ਸਿਖਿਆ ਦੀ ਯੋਗਤਾ, ਵਿਸ਼ੇ, ਸਕੂਲ ਦਾ ਕਾਰਜਕ੍ਰਮ, ਟੈਸਟਾਂ ਦੇ ਸਮੇਂ, ਇਮਤਿਹਾਨ ਅਤੇ ਹੋਮ ਵੱਰਕ ਦਾ ਨਿਸ਼ਚਤ ਕਰਨਾ. ਹੋਮ ਵੱਰਕ ਤੇ ਬਿਤਾਨ ਦਾ ਸਮੇਂ ਨਿਜੀ ਅਤੇ ਪਰਿਵਾਰ ਦੀ ਭਲਾਈ, ਪਰਿਵਾਰ ਦੇ ਹੋਰ ਰੁਝੇਵੇਂ ਅਤੇ ਸਾਡੀਆਂ ਸਮਾਜ ਜ਼ੁੰਮੇਵਾਰੀਆਂ ਤੇ ਆਦਾਰਤ ਹੋਨਾ ਚਾਹੀਦਾ ਹੈ.

3.5. ਕਿੰਡਰਗਾਰਟਨ

ਕਿੰਡਰਗਾਰਟਨ ਦੇ ਵਿਦਿਆਰਥੀਆਂ ਨੂੰ ਕੋਈ ਹੋਮ ਵੱਰਕ ਨਹੀਂ ਦਿਤਾ ਜਾਨਾ ਚਾਹੀਦਾ. ਵਿਦਿਆਰਥੀ ਦੀ ਪਰਾਪਤੀ ਅਤੇ ਮਾਪਿਆਂ ਦੇ ਰੁਝੇਵੇਂ ਤਕੜਾ ਸਬੰਧ ਹੈ. ਜਿਸਦਾ ਨਤੀਜਾ ਹੈ ਕਿ ਪਰਿਵਾਰਾਂ ਨੂੰ ਮੁਢਲੀ ਸਿਖਿਆਂ ਦੀ ਕਿਰਿਆਵਾਂ ਜਿਵੇਂ ਕਿ ਖੇਡਣਾ, ਗੱਲ ਬਾਤ ਕਰਨੀ ਅਤੇ ਬੱਚੇ ਨਾਲ ਮਿਲਕੇ ਅੰਗਰੇਜ਼ੀ ਵਿਚ ਅਤੇ ਮਾਤਰੀ ਭਾਸ਼ਾ ਵਿਚ ਪੜਣਾ. ਅਧਿਆਪਕ ਚਾਹੇ ਤਾਂ ਘਰ ਵਿਚ ਸਿਖਿਆ ਦੀਆਂ ਕਿਰਿਆਵਾਂ ਲਈ ਸਰੋਤ ਪਰਦਾਨ ਕਰ ਸਕਦਾ ਹੈ.

3.6. ਗਰੇਡ 1 ਤੋਂ 6

ਹਰੇਕ ਦਿਨ ਪੜਕੇ ਸੁਣਾਨ ਜਾਂ ਨਾਲ ਮਿਲਕੇ ਅੰਗਰੇਜ਼ੀ ਵਿਚ ਜਾਂ ਆਪਣੀ ਮਾਤਰੀ ਭਾਸਾ ਵਿਚ ਪੜਣ ਦਾ ਮੁਢਲੇ ਬੱਚਿਆ ਦੀ ਸਫਲਤਾ ਨਾਲ ਬਹੁਤ ਤਕੜਾ ਸਬੰਧ ਹੈ. ਜਿਸਦਾ ਨਤੀਜਾ ਹੈ ਕਿ ਮੁਢਲੇ ਗਰੇਡ ਦੇ ਬੱਚਿਆਂ ਦਾ ਘਰ ਲਈ ਸਕੂਲ ਦੇ ਕੰਮ ਦਾ ਖੇਤਰ, ਪੜਣਾ, ਕਈ ਪਰਕਾਰ ਦੀਆਂ ਖੇਡਾਂ ਖੇਡਣਾ, ਵਾਰਤਾਲਾਪ ਕਰਨਾ ਅਤੇ ਮਿਲਕੇ ਇਹੋ ਜਿਹੀਆਂ ਕਿਰਿਆਵਾਂ ਕਰਨੀਆਂ ਜਿਵੇਂ ਪਰਿਵਾਰ ਨਾਲ ਮਿਲਕੇ ਕੁਝ ਬਣਾਉਨਾ ਜਾਂ ਭੋਜਨ ਪਕਾਣਾ. ਪਰਾਰੰਬਕ ਅਤੇ ਜੂਨੀਅਰ ਗਰੇਡਾਂ ਵਿਚ ਹੋਮ ਵੱਰਕ ਦੀ ਨਿਯੁਕਤੀ ਪਰਭਾਵਸ਼ੀਲ ਅਤੇ ਸਵੈਤੰਤਰ ਕੰਮ ਦਾ ਰੂਪ ਲਵੇ. ਦੋਹਾਂ ਹਾਲਤਾਂ ਵਿਚ ਹੋਮ ਵੱਰਕ ਦੀ ਪੂਰਤੀ ਲਈ, ਅਭਿਆਸ, ਤਿਆਰੀ ਜਾਂ ਵਿਸਤਾਰ ਸਾਫ ਸਾਫ ਵਖਰੇ ਹੋਨੇ ਚਾਹੀਦੇ ਹਨ

3.7. ਗਰੇਡ 7 ਤੋਂ 8

ਮਿਡਲ ਸਕੂਲ ਦੀ ਆਯੁ ਦੇ ਵਿਦਿਆਰਥੀਆਂ ਲਈ ਹੋਮ ਵੱਰਕ ਦੀ ਪੂਰਤੀ ਵਿਦਿਆਰਥੀ ਦੀ ਪਰਾਪਤੀ ਦੇ ਸੁਧਾਰ ਵਿਚ ਯੋਗ ਦਾਨ ਪਾ ਸਕਦੀ ਹੈ. ਨਿਸ਼ਚਤ ਕੀਤੇ ਹੋਮ ਵੱਰਕ ਦੀ ਪੂਰਤੀ, ਅਭਿਆਸ, ਤਿਆਰੀ ਜਾਂ ਵਿਸਤਾਰ ਲਈ ਗਰੇਡ 7 ਅਤੇ 8 ਦੇ ਵਿਦਿਆਰਥੀਆਂ ਲਈ ਮੁਖ ਅਤੇ ਸੰਸਥਾਈ ਅਧਿਆਪਕਾਂ ਨਾਲ ਮਿਲਕੇ ਬਿਲਕੁਲ ਸਪਸ਼ਟ ਅਤੇ ਧਿਆਣ ਨਾਲ ਉਲੀਕੀਆ ਜਾਏਗਾ ਜਿਸ ਦਾ ਸਮਾਂ ਇਕ ਘੰਟਾ ਜਾਂ ਇਸ ਤੋਂ ਘੱਟ ਹੋਵੇਗਾ

3.8. ਗਰੇਡ 9 to 12

ਹੋਮ ਵੱਰਕ ਦੀ ਪੂਰਤੀ ਵਿਦਿਆਰਥੀ ਦੀ ਪਰਾਪਤੀ, ਖਾਸ ਕਰਕੇ ਉਪਰਲੇ ਗਰੇਡਾਂ ਵਿਚ ਯੋਗ ਦਾਨ ਪਾ ਸਕਦੀ ਹੈ. ਗਰੇਡ 9 ਤੋਂ 12 ਤਕ ਦੇ ਵਿਦਿਆਰਥੀਆਂ ਲਈ ਨਿਸ਼ਚਤ ਕੀਤਾ ਹੋਮ ਵੱਰਕ ਬਹੁਤ ਹੀ ਸਪਸ਼ਟ ਅਤੇ ਧਿਆਣ ਨਾਲ ਉਲੀਕਿਆ ਹੋਵੇ ਜਿਸਦੀ ਪੂਰਤੀ ਦਾ ਸਮਾਂ ਦੋ ਘੰਟੇ ਜਾਂ ਇਸ ਤੋਂ ਘੱਟ ਹੋਵੇਗਾ. ਹੋਮ ਵੱਰਕ ਦਾ ਬੋਝ ਬਹੁਤ ਹੁੰਦਾ ਹੈ ਖਾਸ ਕਰਕੇ ਉਹਨਾਂ ਪਰਿਵਾਰਾਂ ਲਈ ਜਿਨ੍ਹਾਂ ਦੇ ਬੱਚੇ ਸਕੂਲ ਦੇ ਮੁਖ ਪਧਾਂ ਦੇ ਪਰਿਵਰਤਨ ਵਿਚ ਦੀ ਲੰਗ ਰਹੇ ਹਨ. ਜਿਸਦਾ ਨਤੀਜਾ ਇਹ ਹੈ ਕਿ ਹੋਮ ਵੱਰਕ ਖਾਸ ਕਰਕੇ ਗਰੇਡ 9 ਦੇ ਵਿਦਿਆਰਥੀਆਂ ਲਈ ਵਿਸ਼ੇ ਦੇ ਅਧਿਆਪਕਾਂ ਦੀ ਸਾਂਝ ਨਾਲ ਬੜੇ ਧਿਆਣ ਨਾਲ ਉਲੀਕਿਆ ਜਾਵੇਗਾ

ਸਮੂਹਕ (ਜੱਨਰਲ)

3.9. ਸਕੂਲ ਦੇ ਕੈਲੰਡਰ ਵਿਚ ਦਿਤੀਆਂ ਨਿਯੁਕਤ ਛੁਟੀਆਂ ਜਾਂ ਵਿਸ਼ੇਸ਼ ਦਿਨਾਂ ਲਈ ਕੋਈ ਹੋਮ ਵੱਰਕ ਨਿਯੁਕਤ ਨਹੀਂ ਕੀਤਾ ਜਾਵੇਗਾ

3.10. ਜਿਥੋਂ ਤਕ ਹੋ ਸਕੇ ਨਿਸ਼ਚਤ ਕੀਤਾ ਹੋਮ ਵੱਰਕ ਦੀ ਵਾਪਸੀ ਕੁਝ ਸਮੇਂ ਦੇ ਅੰਦਰ ਰਖੀ ਜਾਏਗੀ ਤਾ ਕਿ ਪਰਿਵਾਰ ਹੋਮ ਵੱਰਕ ਦੀ ਪੂਰਤੀ ਵਿਚ ਪੂਰੀ ਸਹਾਇਤਾ ਕਰ ਸਕਨ ਅਤੇ ਪਰਿਵਾਰ ਦੀ ਭਲਾਈ ਦੀ ਖਾਤਰ ਆਪਣਾ ਸਮਾਂ ਸਕੂਲ ਦਿਨਾਂ ਵਿਚ ਅਤੇ ਸਕੂਲ ਸਮੇਂ ਤੋਂ ਪਿਛੋਂ ਹੋ ਰਹੀਆਂ ਕਿਰਿਆਵਾ ਲਈ ਆਪਣਾ ਸਮਾਂ ਵੰਡ ਕੇ ਉਹਨਾਂ ਕਿਰਿਆਵਾਂ ਵਿਚ ਵੀ ਪੂਰੀ ਸਹਾਇਤਾ ਕਰ ਸਕਨ.

ਜਿਹੜੇ ਮਾਪਿਆਂ ਨੂੰ ਆਪਣੇ ਬੱਚੇ ਦੇ ਹੋਮ ਵੱਰਕ ਬਾਬਤ ਕੋਈ ਸ਼ੰਕੇ ਹੋਣ ਉਹਨਾਂ ਨੂੰ ਚਾਹੀਦਾ ਹੈ ਕਿ ਉਹਨਾਂ ਨੂੰ ਕਲਾਸ ਅਧਿਆਪਕ ਜਾਂ ਸਕੂਲ ਦੇ ਪਰਿੰਸੀਪਲ ਨੂੰ ਮਿਲਣ ਲਈ ਉਤਸ਼ਾਹ ਦਿਤਾ ਜਾਵੇਗਾ

3.11. ਦੇਖੋਂ ਸਕੂਲ ਦੀ ਨੀਤੀ (P063-ਪਰੀ ਐਗਜ਼ਾਮੀਨੇਸ਼ਨ ਮਾਰੀਟੋਰੀਅਮ ਔਨ ਮੇਜਰ ਅਸਾਈਨਮੈਂਟਸ ਐਂਡ ਐਕਟਿਵੇਟੀਜ਼, 27 ਜੁਨ 2007 ਨੂੰ ਲਾਗੂ ਹੋਈ.

ਲੰਮੀ ਗੈਰ ਹਾਜ਼ਰੀਆਂ ਵਿਚ ਹੋਮ ਵੱਰਕ

3.12. ਅਧਿਆਪਕ ਕੋਲੋਂ ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਉਹ ਪਰਿਵਾਰ ਜਾਂ ਮਾਪਿਆਂ ਦੇ ਕਾਰਨ ਲੰਮੇ ਸਮੇਂ ਲਈ ਗੈਰ ਹਾਜ਼ਰੀ ਲਈ ਕਲਾਸ ਦਾ ਕੰਮ ਜਾਂ ਹੋਮ ਵੱਰਕ ਦਸੇ. ਲੰਮੇ ਸਮੇਂ ਲਈ ਬਿਮਾਰੀ ਦੀ ਹਾਲਤ ਵਿਚ ਮਾਪੇ ਅਧਿਆਪਕ ਜਾਂ ਪਰਿੰਸੀਪਲ ਨਾਲ ਇਸ ਸਮੱਸਿਆ ਬਾਬਤ ਗੱਲ ਬਾਤ ਕਰ ਸਕਦੇ ਹਨ.

ਕਰਤੱਵ ਅਤੇ ਜ਼ੁੰਮੇਵਾਰੀਆਂ

3.13. ਹੋਮ ਵੱਰਕ ਦੇ ਅਮਲ ਵਿਚ ਘੱਰ ਅਤੇ ਸਕੂਲ ਦੀ ਖੁਲੀ ਸਾਂਝ ਵਿਦਿਆਰਥੀ ਦੀ ਪਰਾਪਤੀ ਵਿਚ ਸੁਧਾਰ ਅਤੇ ਬਹੁਤ ਢੂੰਗਾ ਅਸਰ ਪਾਵੇਗੀ

(a) ਸਕੂਲ ਦਾ ਸਟਾਫ ਜ਼ੰਮੇਵਾਰ ਹੈ:

(i) ਸਕੂਲ ਸਾਲ ਦੇ ਆਰੰਭ ਵਿਚ ਅਧਿਆਪਕਾਂ, ਮਾਪਿਆਂ ਅਤੇ ਵਿਦਿਆਰਥੀਆਂ ਦੀ ਵਰਤੋਂ ਲਈ ਸਕੂਲ ਹੋਮ ਵੱਰਕ ਗਾਈਡਲਾਈਨਜ਼ ਦੀ ਸੂਚੀ ਤਿਆਰ ਕਰੇਗਾ;

(ii) ਸਕੂਲ ਦੇ ਵਸ਼ਾਲ ਸਰੋਤ ਅਤੇ ਪਰਥਾਵਾਂ ਜਿਹੜੀਆਂ ਹੋਮ ਵੱਰਕ ਲਈ ਸਹਾਇਕ ਹੋਨ, ਜਿਵੇਂ ਕਾਰਜ ਸੂਚੀ ਦਾ ਪਰਯੋਗ, ਲਾਇਬਰੇਰੀ ਦੀਆਂ ਸਹੂਲਤਾਂ, ਤਰਕਮਈ ਸਹਾਇਕ ਪਰੋਗਰਾਮ, ਸੰਸਥਾਈ ਅਧਿਆਪਕਾਂ ਵਿਚ ਤਾਲ ਮੇਲ ਦੀ ਪਰੋੜਤਾ ਤਾਕਿ ਸਹੀ ਹੋਮ ਵੱਰਕ ਨਿਯੁਕਤ ਕੀਤਾ ਜਾਵੇ; ਅਤੇ

(iii) ਪਰਭਾਵਸ਼ਾਲੀ ਹੋਮ ਵੱਰਕ ਦੇ ਮਹਤੱਵ ਅਤੇ ਉਦੇਸ਼ ਬਾਬਤ ਮਾਪਿਆਂ ਨੂੰ ਜਾਣਕਾਰੀ ਦੇਨੀ ਅਤੇ ਅਭਿਆਸ ਵਿਚ ਸਾਂਝ ਪਾਉਣੀ ਜਿਹੜੀ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਸਹਾਇਤਾ ਕਰਨ ਵਿਚ ਸਹਾਇਕ ਹੋਵੇਗੀ. (ਜਿਵੇਂ ਨਿਉਜ਼ ਲੈਟਰ,ਓਪਨ ਹਾਉਸਜ਼ ਅਤੇ ਵੈਬਸਾਈਟਸ).

(b) <u>ਅਧਿਆਪਕਾਂ ਦੀਆਂ ਜ਼ੁੰਵੇਰੀਆਂ:</u>

(i) ਮਾਪਿਆਂ ਅਤੇ ਵਿਦਿਆਰਥੀਆਂ ਵਿਚ ਸਾਂਝ ਨੂੰ ਉਤਸ਼ਾਹ ਦੇਨਾ ਜਿਸ ਨਾਲ ਤਾਲਮੇਲ ਵੱਧੇ ਅਤੇ ਪਰਿਵਾਰਾਂ ਨੂੰ ਹੋਮ ਵੱਰਕ ਦੇ ਕੰਮ ਵਿਚ ਸਹਾਇਤਾ ਮਿਲੇ;

(ii) ਹੋਮ ਵੱਰਕ ਦੀਆਂ ਇਹੋ ਜਿਹੀਆਂ ਸਪਸ਼ਟ ਨਿਯੁਕਤੀਆਂ ਕਰਨੀਆਂ ਜਿਸ ਨਾਲ ਹੋਮ ਵੱਰਕ ਦਾ ਉਦੇਸ਼ ਕੀ ਹੈ ਅਤੇ ਜਵਾਬ ਵਿਚ ਕੀ ਉਮੀਦ ਕੀਤੀ ਜਾਂਦੀ ਹੈ;

(iii) ਸਕੂਲ ਦੇ ਆਰੰਭ ਵਿਚ ਮਾਪਿਆਂ ਅਤੇ ਵਿਦਿਆਰਥੀਆਂ ਨਾਲ ਹੋਮ ਵੱਰਕ ਤੋਂ ਕੀ ਆਸ ਕੀਤੀ ਜਾ ਸਕਦੀ ਹੈ, ਅਤੇ ਸਾਂਝ ਪਾਉਣੀ;

(iv) ਇਸ ਦਾ ਭਰੋਸਾ ਦੇਨਾ ਕਿ ਨਿਯੁਕਤ ਕੀਤਾ ਹੋਮ ਵੱਰਕ ਕਲਾਸ ਵਿਚ ਸਿਖਿਆ ਨਾਲ ਸਬੰਧਤ ਹੈ ਅਤੇ ਇਹ ਸਪਸ਼ਟ ਕਰਦੀਆਂ ਹਨ ਕਿ ਉਦੇਸ਼ ਅਤੇ ਕੰਮ ਕਰਨ ਵਾਲੀਆਂ ਹਨ;

(v) ਇਹੋ ਜਿਹਾ ਹੋਮ ਵੱਰਕ ਦੇਨਾ ਜਿਹੜਾ ਵਿਦਿਆਰਥੀ ਦੀ ਉਮਰ, ਵਿਕਾਸ ਦਾ ਪਧਰ, ਸਿਖਿਆ ਲੈਣ ਦਾ ਢੰਗ, ਮਹਾਰਤਾਂ ਅਤੇ ਨਿਜੀ ਲੋੜਾਂ ਨੂੰ ਪੂਰਾ ਕਰਦਾ ਹੈ;

(vi) ਉਹ ਮਹਾਰਾਤਾਂ ਸਿਖਾਣੀਆਂ ਜਿਹੜੀਆਂ ਵਿਦਿਆਰਥੀ ਨੂੰ ਹੋਮ ਵੱਰਕ ਪੂਰਾ ਕਰਨ ਵਿਚ ਸਹਾਇਕ ਹੋਨ ਅਤੇ ਕਾਮਯਾਬ ਅਤੇ ਸਵੈਤੰਤਰ ਸਿਖਾਂਦਰੂ ਬਣਾਦੀਆਂ ਹਨ

(vii) ਮੁਖ ਅਤੇ ਸੰਸਥਾਈ ਅਧਿਆਪਕਾਂ ਦੀ ਸਾਂਝ ਨਾਲ ਹੋਮ ਵੱਰਕ ਧਿਆਣ ਨਾਲ ਨਿਸ਼ਚਤ ਕਰਨ ਨਾਲ ਸਪਸ਼ਟ ਯੋਜਣਾ ਬਣਾਉਨੀ

(c) <u>ਵਿਦਿਆਰਥੀਆਂ ਦੀਆਂ ਜ਼ੁੰਮੇ ਵਾਰੀਆਂ:</u>

(i) ਇਸ ਦੀ ਪਰੋੜਤਾ ਕਰਨੀ ਕਿ ਜਿਹੜਾ ਹੋਮ ਵੱਰਕ ਮਿਲਿਆਂ ਹੈ ਕੀ ਉਹ ਸਮਝਦਾ/ਦੀ ਹੈ ਜਿਵੇਂ ਨਿਯੁਕਤੀਆਂ, ਪਰਖ, ਸਮੇਂ ਦੀਆਂ ਪਾਬੰਦੀਆਂ ਅਤੇ ਸਪਸ਼ਟਤਾ ਲਈ ਪੁਛਣਾ ਜਾਂ ਅਧਿਆਪਕ ਕੋਲੋਂ ਸਹਾਇਤਾ ਲੈਣੀ ਜਦੋਂ ਨਿਯੁਕਤੀ ਸਪਸ਼ਟ ਨਾ ਹੋਵੇ ਅਤੇ ਉਸ ਤੋਂ ਕੀ ਆਸ ਕੀਤੀ ਜਾਦੀ ਹੈ;

(ii) ਆਪਣੇ ਏਜੰਡੇ ਜਾਂ ਵਿਦਿਆਰਥੀ ਪਲੈਨਰ ਵਿਚ ਦਰਜ ਕਰਨਾ;

(iii) ਨੇਮਕ ਤੌਰ ਤੇ ਆਪਣੀ ਯੋਗਤਾ ਅਨੁਸਾਰ ਦਿਤੇ ਹੋਮ ਵੱਰਕ ਨੂੰ ਸਮੇਂ ਤੇ ਪੂਰਾ ਕਰਨਾ; ਅਤੇ

(iv) ਸਮੇਂ ਅਤੇ ਸਮਗਰੀ, ਜਿਵੇਂ ਲੋੜੀ ਦੀ ਸਮਗਰੀ ਘਰ ਲਿਉਣਾ.

(d) ਪਰਿਵਾਰ ਦੀਆਂ ਜ਼ੰਮੇਵਾਰੀ:

(i) ਦੀ ਸਿਖਿਆ ਲਈ ਮੁਢਲੇ ਸਾਲਾਂ ਵਿਚ ਅੰਗਰੇਜ਼ੀ ਜਾਂ ਫਰੈਂਚ( ਫਰੈਂਚ ਇਮੱਰਸ਼ਨ) ਅਤੇ ਜਾਂ ਪਰਿਵਾਰ ਦੀ ਮੁਢਲੀ ਭਾਸ਼ਾ ਵਿਚ ਪੜ੍ਹਣਾ;

(ii) ਵਾਤਾਵਰਨ ਪਰਦਾਨ ਕਰਨਾ ਜਿਵੇਂ ਕੰਮ ਕਰਨ ਲਈ ਥਾਂ, ਬਿਨਾ ਕਿਸੇ ਦਖਲ ਦੇ ਕੁਝ ਸਮਾਂ ਕਡਣਾ ਆਮ ਘਰ ਵਿਚ ਜਾਂ ਹੋਰ ਕੋਈ ਥਾਂ ਜਿਵੇਂ ਹੋਮਵੱਰਕ ਕਲੱਬ;

(iii) ਹੋਮ ਵੱਰਕ ਨਾ ਕਰਨ ਵਾਲੇ ਬੱਚੇ ਨੂੰ ਉਤਸ਼ਾਹ ਦੇਣਾ ਜਾਂ ਲੋੜੀ ਦੀ ਸਹਾਇਤਾ ਕਰਨੀ;

(iv) ਹੋਮ ਵੱਰਕ ਅਤੇ ਪਾਠਕਰਮ ਨਾਲ ਸਬੰਧਤ ਕਿਰਿਆਵਾਂ ਅਤੇ ਪਰਿਵਾਰਕ ਪਾਬੰਦੀਆਂ ਵਿਚ ਉਚਿਤ ਸੰਤੁਲਣ ਪਰਦਾਨ ਕਰਨਾ

(v) ਬੱਚੇ ਨੂੰ ਲਗਾਤਾਰ ਸੌਣ ਦੇ ਸਮੇਂ ਵਿਚ ਹੋਮ ਵੱਰਕ ਕਰਨ ਤੋਂ ਰੋਕਨਾ; ਅਤੇ

(vi) ਕਲਾਸ ਰੂਮ ਦੇ ਅਧਿਆਪਕ ਨਾਲ ਸੰਪਰਕ ਕਰਨਾ ਜੇਕਰ ਉਹਨਾਂ ਦਾ ਬੱਚਾ ਲਗਾਤਾਰ ਹੋਮ ਵੱਰਕ ਨਹੀਂ ਕਰ ਸਕਦਾ/ਸਕਦੀ ਜਾਂ ਉਸ ਵਾਸਤੇ ਇਹ ਇਕ ਚੁਣੌਤੀ ਬਨ ਗਿਆ ਹੈ..

## 4.0 ਨਿਸ਼ਚਤ ਨਿਰਦੇਸ਼

ਸੰਚਾਲਕ (ਡਾਰੈਕਟਰ) ਆਫ ਐਜੁਕੇਸ਼ਨ ਨੂੰ ਅਖਤਿਆਰ ਹੈ ਕਿ ਇਸ ਨੀਤੀ ਨੂੰ ਲਾਗੂ ਕਰਨ ਲਈ ਉਚਿਤ ਕਾਰਵਾਈ ਕਰ ਸਕਦਾ ਹੈ.